



ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਨਿਸ਼ਾਨ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨਾਲ ਜੁੜੇ ਹੋਏ ਹਾਂ।

# ਆਟੋ ਡਿਸਮੈਂਟਲਰਜ਼ ਅਤੇ ਪਾਰਟਸ ਰੀਸਾਈਕਲਰਜ਼

ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਪ੍ਰਦੂਸ਼ਣ ਨੂੰ ਰੋਕ ਕੇ
ਆਪਣੇ ਜਲ ਜੀਵਾਂ ਦੇ ਵਾਤਾਰਣ ਨੂੰ ਬਚਾਓ

## ਤਰਲ ਪਦਾਰਥ ਡੁੱਲ੍ਹਣ ਤੋਂ ਬਚਾਉਣੇ

ਹਾਨੀਕਾਰਕ ਚੀਜ਼ਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆ ਜਾਂ ਸੈਨੀਟਰੀ ਸੀਵਰੇਜ ਸਿਸਟਮ ਵਿੱਚ ਜਾਣ ਤੋਂ ਰੋਕਣ ਲਈ ਉਹਨਾਂ ਨੂੰ ਡੁੱਲ੍ਹਣ ਤੋਂ ਰੋਕਣਾ, ਅਤੇ ਤੁਰੰਤ ਸਫ-ਾਈ ਕਰਨੀ ਲਾਜ਼ਮੀ ਹੈ। ਸਫਾਈ ਦੇ ਢੰਗ ਤਰੀਕਿਆਂ ਬਾਰੇ ਚੀਜ਼ ਦੀ ਮਟੀਰੀਅਲ ਸੇਫਟੀ ਡੈਟਾ ਸ਼ੀਟ ਵਿੱਚੋਂ ਜਾਣਕਾਰੀ ਮਿਲ ਸਕਦੀ ਹੈ।

ਕਿਸੇ ਚੀਜ਼ ਦੇ ਗਲਤੀ ਨਾਲ ਵਾਤਾਵਰਣ ਵਿੱਚ ਡੁੱਲ ਜਾਣ ਦੀ ਹਾਲਤ ਵਿੱਚ ਤੁਰੰਤ  ਪ੍ਰਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (ਫਓਫ)  ਨਾਲ 1.800.663.3456 ਤੇ ਸੰਪਰਕ ਕਰੋ। ਜੇਕਰ ਰਸਾਇਣ ਨੂੰ ਅੱਗ ਲੱਗ ਸਕਦੀ ਹੋਵੇ, ਉਹ ਜ਼ਹਿਰੀਲਾ ਜਾਂ ਖੋਰਨ ਵਾਲਾ ਹੋਵੇ, ਜਾਂ ਹੋਰ ਤਰਾਂ ਹਾਨੀਕਾਰਕ ਹੋਵੇ ਤਾਂ ਤੁਰੰਤ ਸਰੀ ਫਾਇਰ ਵਿਭਾਗ ਨਾਲ 911 ਤੇ ਫੋਨ ਕਰੋ।

ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਵਿਅਕਤੀ ਨੂੰ ਹੇਠ ਲਿਖੇ ਵਾਤਾਵਰਣ ਕਾਨੂੰਨਾਂ ਦੇ ਅਧੀਨ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀ ਸੀ ਹੈਜ਼ਾਰਡਸ ਵੇਸਟ ਰੈਗੂਲੇਸ਼ਨ
- ਬੀ ਸੀ ਇਨਵਾਇਰਨਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਈ-ਲਾਅ ਨੰ. 16610

ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਕੰਮ ਤੇ ਜ਼ਮੀਨ ਅਤੇ/ਜਾਂ ਨਾਲੀਆਂ ਦੇ ਪ੍ਰਦੂਸ਼ਣ ਦੀ ਰੋਕਥਾਮ ਦੇ ਪੱਖ ਤੋਂ ਨਿਗਰਾਨੀ ਕਰੋ, ਅਤੇ ਆਟੋ ਰੀਟੇਲਰਜ਼ ਐ-ਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ ਦੀ "ਕੋਡ ਆਫ ਪ੍ਰੈਕਟਿਸ ਫਾਰ ਦ ਆਟੋ ਰੀਸਾਈਕਲਿੰਟ ਇੰਡਸਟਰੀ ਇਨ ਬ੍ਰਿਟਿਸ਼ ਕੋਲੰਬੀਆ" ਨੂੰ ਲਾਗੂ ਕਰੋ।

## ਵਧੇਰੇ ਜਾਣਕਾਰੀ ਲਈ

ਆਟੋਮੋਟਿਵ ਰੀਟੇਲਰਜ਼ ਐਸੋਸੀਏਸ਼ਨ ਆਫ ਬੀ ਸੀ
604.432.7987

ਆਰ ਸੀ ਬੀ ਸੀ ਰੀਸਾਈਕਲਿੰਗ ਹੌਟਲਾਈਨ
604.732.9253

ਸਿਟੀ ਆਫ ਸਰੀ
ਡਰੇਨੇਜ ਐਂਡ ਇਨਵਾਇਰਨਮੈਂਟ ਸੈਕਸ਼ਨ
604.591.4321

ਸਰੀ ਫਾਇਰ ਡਿਪਾਰਟਮੈਂਟ
604.543.6760

ਮੈਟਰੋ ਵੈਨਕੂਵਰ
ਸੋਰਸ ਕੰਟਰੋਲ
604.436.6777

ਬੀ ਸੀ ਮਨਿਸਟਰੀ ਆਫ ਇਨਵਾਇਰਨਮੈਂਟ
604.582.5200

ਜੇਕਰ ਤੁਸੀਂ ਕੋਈ ਰਸਾਇਣ ਡੁੱਲ੍ਹਿਆ ਹੋਇਆ ਜਾਂ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਜਾਂਦਾ ਵੇਖੋ ਤਾਂ ਕ੍ਰਿਪਾ ਕਰਕੇ ਸਿਟੀ ਆਫ ਸਰੀ ਦੇ ਇੰਜਨੀਅਰਿੰਗ ਡਿਪਾਰਟਮੈਂਟ ਨਾਲ 604.590.7226 ਤੇ ਅਤੇ ਬਾਅਦ ਦਪਹਿਰ 4:30 ਤੋਂ ਪਿੱਛੋਂ 604.591.4431 ਤੇ ਸੰਪਰਕ ਕਰੋ।

09259

www.surrey.ca

CITY OF SURREY



## ਆਟੋ ਡਿਸਮੈਂਟਲਰਜ਼ ਅਤੇ ਪਾਰਟਸ ਰੀਸਾਈਕਲਰਜ਼

ਜਿਹੜੇ ਕਾਰੋਬਾਰ ਵੱਖ ਵੱਖ ਤਰਾਂ ਦੇ ਆਟੋ ਪਾਰਟਸ ਨੂੰ ਦੁਬ-ਾਰਾ ਵੇਚਣ ਲਈ ਇਕੱਠੇ ਕਰਦੇ ਹਨ ਜਾਂ ਵਾਹਨਾਂ ਨੂੰ ਖਰੀਦਦੇ ਅਤੇ ਵੇਚਦੇ ਹਨ ਅਤੇ ਉਹਨਾਂ ਨੂੰ ਤੋੜ ਕੇ ਧਾਤ ਨੂੰ ਰੀਸਾਈਕਲ ਕਰਦੇ ਹਨ, ਉਹਨਾਂ ਨਾਲ ਬਹੁਤ ਸਾਰੀਆਂ ਪ੍ਰਦੂਸ਼ਣ ਫੈਲਾਉਣ ਅਤੇ ਵਾਤਾਵਰਣ ਨੂੰ ਖਰਾਬ ਕਰਨ ਵਾਲੀਆਂ ਚੀਜ਼ਾਂ ਪੈਦਾ ਹੁੰਦੀਆਂ ਹਨ।

ਵਾਹਨਾਂ ਨੂੰ ਤੋੜਨ ਦੌਰਾਨ ਵੱਡੀ ਮਿਕਦਾਰ ਵਿੱਚ ਤੇਲ ਅਤੇ ਹੋਰ ਨੁਕਸਾਨਦਾਇਕ ਚੀਜ਼ਾਂ ਵੀ ਮਿਲਦੀਆਂ ਹਨ ਜਿਹਨਾਂ ਵਿੱਚ ਹੇਠ ਦਿੱਤੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- ਤੇਲ
- ਗਰੀਸ
- ਸਸਪੈਂਡਡ ਸੌਲਿਡ
- ਧਾਤਾਂ
- ਫਿਊਲ
- ਟਰਾਂਸਮਿਸ਼ਨ ਫਲੂਇਡ
- ਐਂਟੀਫਰੀਜ਼
- ਬਰੇਕ ਫਲੂਇਡ
- ਰੈਫਰਿਜਰੈਂਟ
- ਪਾਵਰ ਸਟੀਰਿੰਗ ਫਲੂਇਡ
- ਪਾਰਾ ਸਵਿੱਚਾਂ
- ਲੈੱਡ ਐਸਿਡ ਬੈਟਰੀਆਂ

ਇਹਨਾਂ ਵਿੱਚੋਂ ਬਹੁਤ ਸਾਰੀ ਚੀਜ਼ਾਂ ਨੂੰ ਬੀ ਸੀ ਇਨਵਾਇਰਨਮੈਂਟਲ ਮੈਨੇਜਮੈਂਟ ਐਕਟ ਅਧੀਨ ਵਾਤਾਵਰਣ ਨੂੰ ਖਰਾਬ ਕਰਨ ਵਾਲੀਆਂ ਵਿਸ਼ੇਸ਼ ਚੀਜ਼ਾਂ ਸਮਝਿਆ ਜਾਂਦਾ ਹੈ ਅਤੇ ਇਹਨਾਂ ਨੂੰ ਖਾਸ ਧਿਆਨ ਨਾਲ ਚੁੱਕਣ, ਸਟੋਰ ਕਰਨ ਅਤੇ ਸੁੱਟਣ ਦੀ ਲੋੜ ਹੁੰਦੀ ਹੈ।ਜੇ ਕਾਰੋਬਾਰ ਖੁੱਲ੍ਹੀਆਂ ਥਾਵਾਂ ਤੇ ਤੋੜ ਭੰਨ ਕਰਨ ਤਾਂ ਇਹ ਗੰਦਗੀ ਅਤੇ ਪ੍ਰਦੂਸ਼ਣ ਵਾਲੀਆਂ ਚੀਜ਼ਾਂ ਪਾਣੀ ਨਾਲ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾ ਸਕਦੀਆਂ ਹਨ।ਨਾਲ ਹੀ, ਛੇਤੀ ਅੱਗ ਫੜਨ ਵਾਲੇ ਤਰਲ ਧਮਾਕੇ ਦਾ ਕਾਰਨ ਬਣ ਸਕਦੇ ਹਨ ਅਤੇ ਉਹ ਕਦੇ ਵੀ ਮੀਂਹ ਦੇ ਪਾਣੀ ਦੀ ਨਾਲੀ,  ਸੀਵਰੇਜ ਜਾਂ ਪਾਈਪਾਂ ਵਿੱਚ ਦਾਖਲ ਨਹੀਂ ਹੋਣੇ ਚਾਹੀਦੇ।

ਉੱਪਰ ਦਰਜ ਕੀਤੀਆਂ ਚੀਜ਼ਾਂ ਮੱਛੀਆਂ ਅਤੇ ਪਾਣੀ ਵਿੱਚ ਰਹਿਣ ਵਾਲੇ ਜੀਵਾਂ ਲਈ ਹਾਨੀਕਾਰਕ ਹਨ ਅਤੇ ਇਹ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਨਹੀਂ ਹੋਣੇ ਚਾਹੀਦੇ। ਸਰੀ ਵਿੱਚ ਅਜੇਹੇ ਖੁੱਲ੍ਹੇ ਨਦੀਆਂ ਨਾਲਿਆਂ ਦੀ ਲੰਬਾਈ 1500 ਕਿਲੋਮੀਟਰ ਤੋਂ ਵਧੇਰੇ ਹੈ ਜਿਹੜੇ ਪਾਣੀ ਦੇ ਵਗਣ ਦਾ ਇੱਕ ਮਹੱਤਵਪੂਰਣ ਸਾਧਨ ਹਨ ਅਤੇ ਸੈਮਨ, ਟਰਾਊਟ ਅਤੇ ਪਾਣੀ ਵਿੱਚ ਰਹਿਣ ਵਾਲੇ ਹੋਰ ਜੀਵਾਂ ਲਈ ਕੁਦਰਤੀ ਰਿਹਾਇਸ਼ ਪ੍ਰਦਾਨ ਕਰਦੇ ਹਨ।



# ਕੰਮ ਦੇ ਸਭ ਤੋਂ ਚੰਗੇ ਢੰਗ

ਵਾਤਾਵਰਣ ਨੂੰ ਖਰਾਬ ਕਰਨ ਵਾਲੀਆਂ ਚੀਜ਼ਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਅਤੇ ਅੰਤ ਵਿੱਚ ਆਪਣੇ ਨਦੀਆਂ ਅਤੇ ਨਾਲਿਆਂ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਕ੍ਰਿਪਾ ਕਰਕੇ ਹੇਠ ਦਿੱਤੇ ਤਰੀਕੇ ਅਪਣਾਓ:

• ਵਾਹਨਾਂ ਨੂੰ ਓਨਾ ਚਿਰ ਸਟੋਰ ਨਾ ਕਰੋ ਜਿੰਨਾ ਚਿਰ ਸਾਰੇ ਤੇਲ, ਬੈ ਟਰੀਆਂ, ਪਾਰਾ ਸਵਿੱਚਾਂ ਆਦਿ ਨੂੰ ਸਹੀ ਢੰਗ ਬਾਹਰ ਕੱਢ ਨਹੀ ਲਿਆ ਜਾਂਦਾ।ਉਹਨਾਂ ਨੂੰ ਰੀਸਾਈਕਲ ਕਰਨ ਜਾਂ ਕਿਸੇ ਮਨਜ਼ੂਸ਼ੁਦਾ ਕੰਪਨੀ ਦੁਆਰਾ ਰੀਸਾਈਕਲ ਜਾਂ ਨਸ਼ਟ ਕੀਤੇ ਜਾਣ ਲਈ ਸਾਰੀਆਂ ਚੀਜ਼ਾਂ ਨੂੰ  ਸਹੀ ਡੱਬਿਆਂ ਵਿੱਚ ਪਾਓ।

- ਸਾਰੇ ਤੇਲਾਂ ਆਦਿ ਨੂੰ ਇੱਕ ਚਾਰ-ਦਿਵਾਰੀ ਵਾਲੀ ਇਮਾਰਤ ਜਾਂ ਛੱਤ ਦੇ ਹੇਠਾਂ ਫਰਸ਼ ਦੇ ਚੌਖਟੇ ਉੱਪਰ ਬਾਹਰ ਕੱਢਕੇ ਇਕੱਠਾ ਕਰਨਾ ਚਾਹੀਦਾ ਹੈ।ਬਾਹਰ ਨਿਕਲੇ ਤਰਲ ਪਦਾਰਥ  ਨੂੰ ਫਰਸ਼  ਤੇ ਖੜ੍ਹਾ ਹੋਣ ਤੋਂ ਰੋਕਣਾ ਚਾਹੀਦਾ ਹੈ ਅਤੇ ਡੁੱਲ੍ਹਿਆ ਹੋਇਆ ਤਰਲ ਪਦਾਰਥ ਫਰਸ਼ ਦੇ ਚੌਖਟੇ ਦੇ ਅੰਦਰ ਰਹਿਣਾ ਚਾਹੀਦਾ ਹੈ।

- ਲੀਕ ਕਰਦੀਆਂ ਗੱਡੀਆਂ ਵਿੱਚੋਂ ਤਰਲ ਪਦਾਰਥ ਇਕੱਠੇ ਕਰਨ ਲਈ ਤਸਲਾ ਵਰਤੋ ਜਿੰਨਾ ਚਿਰ ਸਾਰੀਆਂ ਗੱਡੀਆਂ ਚੰਗੀ ਤਰਾਂ ਖਾਲੀ ਨਹੀਂ ਹੋ ਜਾਂਦੀਆਂ।

- ਗੱਡੀਆਂ ਦੇ ਸਾਰੇ ਪੁਰਜ਼ੇ, ਜਿੰਨ੍ਹਾਂ ਵਿੱਚ ਤੇਲ, ਸੌਲਵੈਂਟ, ਘੁਲਣ ਵਾਲੇ ਅਤੇ ਆਟੋ ਤਰਲ ਪਦਾਰਥ ਹਨ, ਨੂੰ ਲੀਕ-ਰਹਿਤ ਡੱਬਿਆਂ ਵਿੱਚ ਜਾਂ ਢੱਕ ਕੇ ਅਜੇਹੇ ਫਰਸ਼ ਤੇ ਰੱਖਣਾ ਚਾਹੀਦਾ ਹੈ ਜਿੱਥੇ ਇਹ ਰਿਸਣ ਨਾ ਅਤੇ ਡੁੱਲਣ ਤੇ ਫੈਲਣ ਤੋਂ ਬਚੇ ਰਹਿਣ।

- ਅਜੇਹਾ ਕਰੱਸ਼ਰ ਵਰਤੋ ਜਿਸਦੇ ਅੰਦਰ ਤਰਲ ਪਦਾਰਥ ਇਕੱਠੇ ਹੋ ਸਕਣ ਜਾਂ ਕਰੱਸ਼ਰ ਨੂੰ ਡਰਿੱਪ ਪੈਨ ਵਾਲੇ ਢੱਕਣ ਹੇਠ ਰੱਖੋ।

- ਪਰੈਸ਼ਰ ਵਾਸ਼, ਸਟੀਮ ਕਲੀਨਿੰਗ ਜਾਂ ਸਾਬਣ ਦੇ ਟੈਂਕਾਂ ਦੇ ਗੰਦੇ ਪਾਣੀ ਨੂੰ ਜ਼ਮੀਨ ਤੇ ਡੁੱਲ੍ਹਣ ਜਾਂ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਹੋਣ ਨਾ ਦੇਵੋ। ਗੰਦੇ ਪਾਣੀ ਨੂੰ ਰੀਸਾਈਕਲ ਕਰਨ ਦਾ ਢੰਗ ਜਾਂ ਸੈਨੀਟਰੀ ਸੀਵਰੇਜ ਨਾਲ ਮਨਜ਼ੂਰਸ਼ੁਦਾ ਕੁਨੈਕਸ਼ਨ ਵਰਤੋ।

- ਕਬਾੜ ਦੇ ਡੱਬੇ ਢੱਕੇ ਹੋਣੇ ਚਾਹੀਦੇ ਹਨ ਤਾਂ ਜੋ ਉਹਨਾਂ ਵਿੱਚ ਮੀਂਹ ਦਾ ਪਾਣੀ ਨਾ ਭਰੇ ਅਤੇ ਉਹਨਾਂ ਦੇ ਥੱਲਿਆਂ ਵਿੱਚ ਮੋਰੀਆਂ ਨਾ ਹੋਣ ਜਿਹਨਾਂ ਰਾਹੀਂ ਗੰਦਾ ਪਾਣੀ ਬਾਹਰ ਨਿੱਕਲ ਸਕੇ।

- ਘੋਲਣ ਵਾਲੇ ਪਦਾਰਥਾਂ ਜਾਂ ਰਸਾਇਣਾਂ ਨੂੰ ਨਸ਼ਟ ਕਰਨ ਲਈ ਕਦੇ ਵੀ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾਂ ਜ਼ਮੀਨ ਤੇ ਨਾ ਡੋਲ੍ਹੋ। ਦਿ

- ਆਟੋ ਰੀਸਾਈਕਲ ਕਾਰੋਬਾਰਾਂ ਤੇ ਮੀਂਹ ਦੇ ਪਾਣੀ ਦੀਆਂ ਨਾਲੀਆਂ ਇਸ ਤਰਾਂ ਬਣੀਆਂ ਹੋਣ ਕਿ ਘੱਟ ਤੋਂ ਘੱਟ ਮੀਂਹ ਦੇ ਪਾਣੀ ਦੀਆਂ ਨਾਲੀਆਂ ਦੀ ਲੋੜ ਪਵੇ। ਮੀਂਹ ਦੇ ਪਾਣੀ ਦੀਆਂ ਸਾਰੀਆਂ ਨਾਲੀਆਂ ਤੇਲ-ਰੋਕੂ ਯੰਤਰ ਨਾਲ ਜੁੜੀਆਂ ਹੋਣ ਅਤੇ ਸਿਟੀ ਦੇ ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਸਿਸਟਮ ਨਾਲ ਕੁਨੈਕਸ਼ਨ ਤੋਂ ਪਹਿਲਾਂ ਬੰਦ ਕਰਨ ਵਾਲਾ ਵਾਲਵ ਜ਼ਰੂਰ ਲਗਾਉਣਾ ਚਾਹੀਦਾ ਹੈ।

• ਇਹ ਯਕੀਨੀ ਬਣਾਓ ਕਿ ਸਾਰੇ ਮੁਲਾਜ਼ਮਾਂ ਅਤੇ ਤੁਹਾਡੇ ਗਾਹਕਾਂ ਨੂੰ ਮੀਂਹ ਦੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਆਪਣੀ ਜ਼ਿੰਮੇਵਾਰੀ ਬਾਰੇ ਪਤਾ ਹੋਵੇ।

## ਆਟੋ ਬੈਟਰੀਆਂ ਅਤੇ ਪਾਰਾ ਸਵਿੱਚਾਂ ਨੂੰ ਸਟੋਰ ਕਰਨਾ

• ਬੈਟਰੀਆਂ ਨੂੰ ਬੰਨ੍ਹੀ ਵਾਲੀ ਥਾਂ ਵਿੱਚ ਢੱਕ ਕੇ ਰੱਖੋ।ਲੀਕ ਕਰਦੀਆਂ ਜਾਂ ਖਰਾਬ ਬੈਟਰੀਆ ਨੂੰ ਆਰਜ਼ੀ ਤੌਰ ਤੇ ਪੌਲੀਪ੍ਰੌਪਲੀਨ ਪਲਾਸਟਿਕ ਦੀਆਂ ਬਾਲਟੀਆਂ ਵਿੱਚ ਰੱਖੋ ਜਿਹਨਾਂ ਵਿੱਚੋਂ ਤਰਲ ਪਦਾਰਥ ਬਾਹਰ ਨਾ ਜਾ ਸਕਦਾ ਹੋਵੇ। ਬੈਟਰੀਆਂ ਨੂੰ ਲੰਬਾ ਸਮਾਂ ਸਟੋਰ ਨਾ ਕਰੋ।

- ਲੀਕ ਜਾਂ ਤਰੇੜਾਂ ਦੇਖਣ ਲਈ ਬੈਟਰੀਆਂ ਨੂੰ ਨੇਮ ਨਾਲ ਚੈਕ ਕਰੋ ਖਾਸ ਕਰਕੇ ਜਦੋਂ ਇਹ ਬਹੁਤ ਠੰਢ ਵਿੱਚ ਪਈਆਂ ਹੋਣ। ਏਮਪਏਰ-ਓਟ੍ਰਏਸ.

- ਬੈਟਰੀਆਂ ਨੇੜੇ ਇੱਕ ਇੱਕ ਨਿਉਟਰੇਲਾਈਜ਼ਰ ਰੱਖੋ ਜੋ ਲੀਕੇਜ ਹੋਣ ਦੀ ਹਾਲਤ ਵਿੱਚ੍ਨੁਕਸਾਨ ਨਹੀਂ ਹੋਣ ਦੇਵੇਗਾ

- ਪਾਰਾ ਸਵਿੱਚਾਂ ਨੂੰ ਲੀਕ-ਰਹਿਤ, ਬੰਦ ਡੱਬੇ ਵਿੱਚ ਰੱਖੋ।

- ਲੈੱਡ ਤੇਜ਼ਾਬੀ ਬੈਟਰੀਆਂ ਅਤੇ ਪਾਰਾ ਸਵਿੱਚਾਂ ਵਰਗੀਆਂ ਬਹੁਤ ਸਾਰੀਆਂ  ਚੀਜ਼ਾਂ ਨੂੰ ਇਨਵਾਇਰਨਮੈਂਟਲ ਮੈਨੇਜਮੈਂਟ ਐਕਟ ਹੇਠ "ਵਾਤਾਵਰਣ ਨੂੰ ਖਰਾਬ ਕਰਨ ਵਾਲੀਆਂ ਖਾਸ ਚੀਜ਼ਾਂ" ਸਮਝਿਆ ਜਾਂਦਾ ਹੈ।ਇਹਨਾਂ ਨੂੰ ਸਟੋਰ ਅਤੇ ਨਸ਼ਟ ਕਰਨ ਦੇ ਨਿਯਮਾਂ ਬਾਰੇ ਵਾਤਾਵਰਣ ਮੰਤਰਾਲੇ ਨਾਲ ਸੰਪਰਕ ਕਰੋ।

## ਟਾਇਰਾਂ ਨੂੰ ਸਟੋਰ ਕਰਨਾ

- ਜੇਕਰ ਟਾਇਰਾਂ ਨੂੰ ਬਾਹਰ ਰੱਖਣਾ ਪਵੇ ਤਾਂ ਤਰਪਾਲ ਨਾਲ ਢੱਕੋ, ਹੋ ਸਕੇ ਤਾਂ ਛੱਤ ਹੋਈ ਥਾ ਅੰਦਰ ਹੀ ਰੱਖੋ, ਇਸ ਤਰਾਂ ਟਾਇਰਾਂ ਦੇ ਰਿੰਮਾਂ ਅੰਦਰ ਪਾਣੀ ਜਮ੍ਹਾਂ ਨਹੀਂ ਹੋ ਸਕੇਗਾ ਅਤੇ ਟਾਇਰਾਂ ਨੂੰ ਲੱਗੇ ਹੋਏ ਵਾਧੂ ਤੇਲ ਨਾਲ ਮੀਂਹ ਦੇ ਪਾਣੀ ਦੇ ਪ੍ਰਦੂਸ਼ਣ ਤੋਂ ਵੀ ਬਚਾਅ ਹੋਵੇਗਾ।ਬਚੇ ਹੋਏ ਪੁਰਾਣੇ ਟਾਇਰਾਂ ਵਿੱਚ ਮੱਛਰ ਅਤੇ ਚੂਹੇ ਪੈਦਾ ਹੋ ਸਕਦੇ ਹਨ ਅਤੇ ਅੱਗ ਲੱਗਣ ਦਾ ਖਤਰਾ ਬਣ ਸਕਦੇ ਹਨ।